# ਟਰਾਇਲ ਕਾਨਫਰੰਸ (ਮੁਕੱਦਮੇ ਬਾਰੇ ਸਲਾਹ)
# ਵੈਨਕੂਵਰ ਰੌਬਸਨ ਸੁਕੇਅਰ ਸਮਾਲ ਕਲੇਮਜ਼ ਕੋਰਟ ਪਾਇਲਟ – ਰੂਲ 7.5

ਇਹ ਤੱਥ ਸ਼ੀਟ ਟਰਾਇਲ ਕਾਨਫਰੰਸ (ਮੁਕੱਦਮੇ ਬਾਰੇ ਸਲਾਹ) ਬਾਰੇ ਅਤੇ ਉਨ੍ਹਾਂ ਲਈ ਤਿਆਰੀ ਕਰਨ ਬਾਰੇ ਜਾਣਕਾਰੀ ਦਿੰਦੀ ਹੈ। ਟਰਾਇਲ ਕਾਨਫਰੰਸ ਇਕ ਨਵੀਂ ਕਾਰਵਾਈ ਹੈ ਜੋ ਕਿ ਰੌਬਸਨ ਸੁਕੇਅਰ ਸਮਾਲ ਕਲੇਮਜ਼ ਕੋਰਟ ਵਿਚ ਚੱਲ ਰਹੇ ਇਕ ਸੂਬਾਈ ਸਮਾਲ ਕਲੇਮਜ਼ ਪਾਇਲਟ ਪ੍ਰੋਜੈਕਟ ਵਿਚ ਸ਼ਾਮਲ ਕੀਤੀ ਗਈ ਹੈ। ਇਹ ਪਾਇਲਟ ਪ੍ਰੋਜੈਕਟ ਅਦਾਲਤੀ ਸੁਧਾਰ ਕਰਨ ਲਈ ਸੂਬਾਈ ਅਦਾਲਤ ਅਤੇ ਸੂਬਾਈ ਸਰਕਾਰ ਦਾ ਇਕ ਸਾਂਝਾ ਉੱਦਮ ਹੈ।

## *ਟਰਾਇਲ ਕਾਨਫਰੰਸ ਕੀ ਹੈ?*

ਟਰਾਇਲ ਕਾਨਫਰੰਸ ਇਕ ਜੱਜ ਨਾਲ ਅੱਧੇ ਘੰਟੇ ਦੀ ਕਾਨਫਰੰਸ (ਸਲਾਹ) ਹੈ ਜੋ ਕਿ ਤੁਹਾਡੇ ਕੇਸ ਦਾ ਮੁਕੱਦਮਾ ਸ਼ੁਰੂ ਹੋਣ ਤੋਂ ਪਹਿਲਾਂ ਕੀਤੀ ਜਾਂਦੀ ਹੈ। ਟਰਾਇਲ ਕਾਨਫਰੰਸ ਤਾਂ ਕੀਤੀ ਜਾਂਦੀ ਹੈ ਜੇ ਤੁਹਾਡਾ ਕੇਸ ਮੀਡੀਏਸ਼ਨ (ਵਿਚੋਲਗੀ) ਹੇਠ ਨਹੀਂ ਆਉਂਦਾ ਜਾਂ ਜੇ ਇਸ ਦਾ ਹੱਲ ਮੀਡੀਏਸ਼ਨ ਵਿਚ ਨਹੀਂ ਹੁੰਦਾ। ਟਰਾਇਲ ਕਾਨਫਰੰਸ ਵਿਚ ਜੱਜ ਤੁਹਾਡੇ ਕਲੇਮ 'ਤੇ ਵਿਚਾਰ ਕਰੇਗਾ ਅਤੇ ਇਹ ਫੈਸਲਾ ਕਰੇਗਾ ਕਿ ਮੁਕੱਦਮੇ ਲਈ ਕਿੰਨਾ ਸਮਾਂ ਚਾਹੀਦਾ ਹੈ। ਜੱਜ ਮੁਕੱਦਮੇ ਦੀ ਸੁਣਵਾਈ ਲਈ ਹੋਰ ਆਰਡਰ ਵੀ ਕਰ ਸਕਦਾ ਹੈ। ਜੱਜ ਉਨ੍ਹਾਂ ਮਾਮਲਿਆਂ ਬਾਰੇ ਵੀ ਫੈਸਲਾ ਕਰ ਸਕਦਾ ਹੈ ਜਿਨ੍ਹਾਂ ਲਈ ਸਬੂਤਾਂ ਦੀ ਲੋੜ ਨਹੀਂ ਹੈ, ਉਨ੍ਹਾਂ ਕਲੇਮਾਂ ਨੂੰ ਰੱਦ ਕਰ ਸਕਦਾ ਹੈ ਜਿਨ੍ਹਾਂ ਦਾ ਕੋਈ ਵਾਜਬ ਆਧਾਰ ਨਹੀਂ ਹੈ ਜਾਂ ਜਿਹੜੇ ਅਦਾਲਤ ਦੀ ਕਾਰਵਾਈ ਦੀ ਦੁਰਵਰਤੋਂ ਕਰਨ ਵਾਲੇ ਹਨ ਜਾਂ ਮੁਕੱਦਮੇ ਦੇ ਸੰਭਵ ਨਤੀਜੇ ਬਾਰੇ ਗੈਰ-ਬੰਦਸ਼ੀ ਰਾਇ ਦੇ ਸਕਦਾ ਹੈ।

## *ਟਰਾਇਲ ਕਾਨਫਰੰਸ ਵਿਚ ਕੌਣ ਹਿੱਸਾ ਲੈਂਦਾ ਹੈ?*

ਤੁਹਾਡੇ ਕੇਸ ਨੂੰ ਪੇਸ਼ ਕਰਨ ਲਈ ਜ਼ਿੰਮੇਵਾਰ ਵਿਅਕਤੀ ਲਈ ਮੁਕੱਦਮੇ ਵਿਚ ਆਉਣਾ ਜ਼ਰੂਰੀ ਹੈ। ਇਹ ਇਕ ਧਿਰ ਵਜੋਂ ਤੁਸੀਂ, ਤੁਹਾਡਾ ਵਕੀਲ, ਜਾਂ ਤੁਹਾਡਾ ਇਨਸ਼ੋਰੈਂਸ ਕਰਤਾ (ਜੇ ਤੁਹਾਡੀ ਇਨਸੋਰੈਂਸ ਕਰਨ ਵਾਲਾ ਤੁਹਾਡੇ ਖਿਲਾਫ ਕੀਤੇ ਗਏ ਕਲੇਮ ਵਿਚ ਸਫਾਈ ਪੱਖ ਹੈ) ਹੋ ਸਕਦੇ ਹੋ। ਤੁਸੀਂ ਆਪਣੇ ਨਾਲ ਕਿਸੇ ਵਕੀਲ ਜਾਂ ਵਕਾਲਤ ਪੜ੍ਹ ਰਹੇ ਕਿਸੇ ਵਿਦਿਆਰਥੀ ਨੂੰ ਵੀ ਲਿਆ ਸਕਦੇ ਹੋ। ਗਵਾਹਾਂ ਨੂੰ ਨਹੀਂ ਆਉਣਾ ਚਾਹੀਦਾ।

## *ਮੈਂ ਟਰਾਇਲ ਕਾਨਫਰੰਸ ਲਈ ਤਿਆਰੀ ਕਿਵੇਂ ਕਰਾਂ?*

ਰੌਬਸਨ ਸੁਕੇਅਰ ਕੋਰਟ ਰਜਿਸਟਰੀ ਤੁਹਾਨੂੰ ਟਰਾਇਲ ਕਾਨਫਰੰਸ ਦਾ ਨੋਟਿਸ ਅਤੇ ਬਿਆਨ ਲਈ ਫਾਰਮ (ਫਾਰਮ 33) ਭੇਜੇਗੀ, ਜਿਸ ਵਿਚ ਤੁਹਾਡੇ ਮੁਕੱਦਮੇ ਦੀ ਤਰੀਕ ਲਿਖੀ ਹੋਈ ਹੋਵੇਗੀ।

ਮੁਕੱਦਮੇ ਦਾ ਬਿਆਨ (ਟਰਾਇਲ ਸਟੇਟਮੈਂਟ) ਇਕ ਫਾਰਮ ਹੈ ਜਿਸ ਵਿਚ ਤੁਹਾਡੇ ਕੇਸ ਦਾ ਖੁਲਾਸਾ ਦੱਸਿਆ ਜਾਂਦਾ ਹੈ। ਟਰਾਇਲ ਕਾਨਫਰੰਸ ਤੋਂ ਪਹਿਲਾਂ ਜੱਜ ਤੁਹਾਡੇ ਵਲੋਂ ਅਤੇ ਦੂਜੀਆਂ ਧਿਰਾਂ ਵਲੋਂ ਭਰੇ ਗਏ ਬਿਆਨਾਂ 'ਤੇ ਵਿਚਾਰ ਕਰੇਗਾ। ਆਪਣੀ ਟਰਾਇਲ ਕਾਨਫਰੰਸ ਤੋਂ **ਘੱਟੋ ਘੱਟ 14 ਦਿਨ ਪਹਿਲਾਂ**, ਤੁਹਾਨੂੰ ਕੋਰਟ ਰਜਿਸਟਰੀ ਵਿਖੇ ਆਪਣਾ ਬਿਆਨ ਜ਼ਰੂਰ ਦਾਖਲ ਕਰਵਾਉਣਾ ਪਵੇਗਾ। ਟਰਾਇਲ ਕਾਨਫਰੰਸ ਤੋਂ **ਘੱਟੋ ਘੱਟ ਸੱਤ (7) ਦਿਨ ਪਹਿਲਾਂ** ਤੁਹਾਨੂੰ ਮੁਕੱਦਮੇ ਦਾ ਆਪਣਾ ਬਿਆਨ ਦੂਜੀਆਂ ਧਿਰਾਂ ਨੂੰ ਪਹੁੰਚਾਉਣਾ ਪਵੇਗਾ।

ਆਪਣਾ ਮੁਕੱਦਮੇ ਦਾ ਬਿਆਨ ਭਰਨ ਲਈ ਫਾਰਮ 'ਤੇ ਦਿੱਤੀਆਂ ਗਈਆਂ ਹਿਦਾਇਤਾਂ ਦੀ ਪਾਲਣਾ ਕਰੋ। ਤੁਸੀਂ ਇਹ ਫਾਰਮ www.gov.bc.ca ਵੈੱਬਸਾਈਟ ਤੋਂ ਵੀ ਲੈ ਸਕਦੇ ਹੋ – ਸਰਚ ਬਾਰ ਵਿਚ "ਕੋਰਟ ਸਰਵਿਸਿਜ਼" ਟਾਇਪ ਕਰੋ। ਤੁਹਾਨੂੰ ਤਰੀਕ ਮੁਤਾਬਕ ਤੱਥਾਂ ਦਾ ਬਿਆਨ ਵੀ ਨਾਲ ਲਾਉਣਾ ਪਵੇਗਾ, ਕਲੇਮ ਕੀਤੀ ਗਈ ਰਕਮ ਦਾ ਹਿਸਾਬ-ਕਿਤਾਬ, ਢੁਕਵੇਂ ਪੇਪਰਾਂ ਦੀਆਂ ਕਾਪੀਆਂ, ਅਤੇ ਉਨ੍ਹਾਂ ਗਵਾਹਾਂ ਦੀ ਲਿਸਟ ਵੀ ਦੇਣੇ ਪੈਣਗੇ ਜਿਨ੍ਹਾਂ ਨੂੰ ਤੁਸੀਂ ਸੱਦਣ ਦਾ ਇਰਾਦਾ ਰੱਖਦੇ ਹੋ ਅਤੇ ਸੰਖੇਪ ਵਿਚ ਇਹ ਦੱਸਣਾ ਪਵੇਗਾ ਕਿ ਹਰ ਗਵਾਹ ਕੀ ਦੱਸੇਗਾ।

ਆਪਣੀ ਟਰਾਇਲ ਕਾਨਫਰੰਸ ਲਈ ਜੇ ਤੁਹਾਨੂੰ ਦੋਭਾਸ਼ੀਏ ਦੀ ਲੋੜ ਹੋਵੇ ਤਾਂ ਤੁਹਾਨੂੰ ਦੋਭਾਸ਼ੀਏ ਦਾ ਪਹਿਲਾਂ ਹੀ ਪ੍ਰਬੰਧ ਕਰਨਾ ਪਵੇਗਾ। ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਰੌਬਸਨ ਸੁਕੇਅਰ ਕੋਰਟ ਰਜਿਸਟਰੀ ਨਾਲ ਸੰਪਰਕ ਕਰੋ।

### *ਟਰਾਇਲ ਕਾਨਫਰੰਸ ਵਿਚ ਮੈਨੂੰ ਕੀ ਲਿਆਉਣਾ ਚਾਹੀਦਾ ਹੈ?*

ਤੁਹਾਨੂੰ ਆਪਣਾ ਮੁਕੱਦਮੇ ਦਾ ਬਿਆਨ ਅਤੇ ਦੂਜੀਆਂ ਧਿਰਾਂ ਤੋਂ ਮਿਲੇ ਬਿਆਨ ਲਿਆਉਣੇ ਚਾਹੀਦੇ ਹਨ। ਤੁਹਾਨੂੰ ਆਪਣਾ ਕਲੰਡਰ ਵੀ ਲਿਆਉਣਾ ਚਾਹੀਦਾ ਹੈ ਕਿਉਂਕਿ ਜੱਜ ਤੁਹਾਨੂੰ ਮੁਕੱਦਮੇ ਦੀ ਤਰੀਕ ਤਹਿ ਕਰਨ ਦਾ ਆਦੇਸ਼ ਦੇ  ਸਕਦਾ ਹੈ।

### *ਜੇ ਮੈਨੂੰ ਟਰਾਇਲ ਕਾਨਫਰੰਸ ਲਈ ਮਿੱਥੀ ਗਈ ਤਰੀਕ ਬਦਲਣ ਦੀ ਲੋੜ ਹੋਵੇ ਤਾਂ ਕੀ ਹੋਵੇਗਾ?*

ਜੇ ਤੁਸੀਂ ਆਪਣੀ ਟਰਾਇਲ ਕਾਨਫਰੰਸ ਲਈ ਮਿੱਥੀ ਗਈ ਤਰੀਕ ’ਤੇ ਨਾ ਆ ਸਕਦੇ ਹੋਵੋ ਤਾਂ ਤੁਸੀਂ ਤਰੀਕ ਬਦਲਣ ਲਈ ਬੇਨਤੀ ਕਰ ਸਕਦੇ ਹੋ। ਤੁਹਾਨੂੰ ਪਹਿਲਾਂ ਸਾਰੀਆਂ ਦੂਜੀਆਂ ਧਿਰਾਂ ਤੋਂ ਤਰੀਕ ਬਦਲੀ ਲਈ ਲਿਖਤੀ ਸਹਿਮਤੀ ਮੰਗਣੀ ਚਾਹੀਦੀ ਹੈ। ਜੇ ਉਹ ਸਹਿਮਤ ਹੋ ਜਾਣ ਤਾਂ ਤੁਸੀਂ ਫਿਰ ਉਨ੍ਹਾਂ ਦੀਆਂ ਲਿਖਤੀ ਸਹਿਮਤੀਆਂ ਨਾਲ ਸਹਿਮਤੀ ਆਰਡਰ ਲੈਣ ਲਈ ਰੌਬਸਨ ਸੁਕੇਅਰ ਕੋਰਟ ਰਜਿਸਟਰੀ ਕੋਲ ਜਾ ਸਕਦੇ ਹੋ।

ਜੇ ਤੁਹਾਡਾ ਸਾਰੀਆਂ ਧਿਰਾਂ ਨਾਲ ਸਮਝੌਤਾ ਨਾ ਹੋ ਸਕੇ ਤਾਂ ਤੁਸੀਂ ਰਜਿਸਟਰਾਰ ਕੋਲ ਅਰਜ਼ੀ (ਫਾਰਮ 16) ਦਰਜ ਕਰਵਾ ਸਕਦੇ ਹੋ। ਅਰਜ਼ੀ ਵਿਚ ਉਸ ਕਾਰਨ ਬਾਰੇ ਜ਼ਰੂਰ ਦੱਸਿਆ ਗਿਆ ਹੋਣਾ ਚਾਹੀਦਾ ਹੈ ਜਿਸ ਕਰਕੇ ਤੁਸੀਂ ਤਰੀਕ ਵਿਚ ਤਬਦੀਲੀ ਕਰਨਾ ਚਾਹੁੰਦੇ ਹੋ ਅਤੇ ਇਹ ਵੀ ਦੱਸਿਆ ਗਿਆ ਹੋਣਾ ਚਾਹੀਦਾ ਹੈ ਕਿ ਤੁਸੀਂ ਦੂਜੀਆਂ ਧਿਰਾਂ ਤੋਂ ਉਨ੍ਹਾਂ ਦੀ ਸਹਿਮਤੀ ਮੰਗੀ ਸੀ। ਅਰਜ਼ੀ ਟਰਾਇਲ ਕਾਨਫਰੰਸ ਦੀ ਤਰੀਕ ਤੋਂ **ਘੱਟੋ ਘੱਟ ਸੱਤ (7) ਦਿਨ ਪਹਿਲਾਂ** ਕੋਰਟ ਰਜਿਸਟਰੀ ਕੋਲ ਦਰਜ ਕਰਵਾਈ ਜਾਣੀ ਜ਼ਰੂਰੀ ਹੈ। ਜੇ ਰਜਿਸਟਰਾਰ ਨੇ ਅਰਜ਼ੀ ਮਨਜ਼ੂਰ ਕਰ ਲਈ ਤਾਂ ਤੁਹਾਡੀ ਟਰਾਇਲ ਕਾਨਫਰੰਸ ਲਈ ਇਕ ਨਵੀਂ ਤਰੀਕ ਮਿੱਥੀ ਜਾਵੇਗੀ।

### *ਜੇ ਮੈਂ ਟਰਾਇਲ ਕਾਨਫਰੰਸ ਵਿਚ ਹਾਜ਼ਰ ਨਾ ਹੋਵਾਂ ਕੀ ਹੁੰਦਾ ਹੈ?*

ਜੇ ਤੁਸੀਂ ਦਾਅਵੇਦਾਰ ਹੋ ਤਾਂ ਤੁਹਾਡਾ ਕਲੇਮ ਰੱਦ ਕੀਤਾ ਜਾ ਸਕਦਾ ਹੈ। ਜੇ ਤੁਸੀਂ ਸਫਾਈ ਦੇਣ ਵਾਲੇ (ਮੁਦਾਲਾ) ਹੋ ਤਾਂ ਤੁਹਾਡੇ ਵਿਰੁੱਧ ਪੈਸਿਆਂ ਦੀ ਅਦਾਇਗੀ ਦਾ ਹੁਕਮ ਕੀਤਾ ਜਾ ਸਕਦਾ ਹੈ।

**ਜ਼ਿਆਦਾ ਜਾਣਕਾਰੀ ਲਈ, ਸਮਾਲ ਕਲੇਮਜ਼ ਰੂਲ 7.5 ਦੇਖੋ**
ਜੋ ਕਿ ਕੋਰਟ ਸਰਵਿਸਿਜ਼ ਬਰਾਂਚ ਦੇ ਵੈੱਬਸਾਈਟ ’ਤੇ ਮੌਜੂਦ ਹੈ: www.gov.bc.ca/ag
ਸਰਚ ਬਾਰ ਵਿਚ “ਕੋਰਟ ਸਰਵਿਸਿਜ਼” ਟਾਇਪ ਕਰੋ

ਜਾਂ ਰੌਬਸਨ ਸੁਕੇਅਰ ਸਮਾਲ ਕਲੇਮਜ਼ ਕੋਰਟ ਰਜਿਸਟਰੀ ਨਾਲ ਸੰਪਰਕ ਕਰੋ
ਟੈਲੀਫੋਨ: 604 660-8989  ਫੈਕਸ: 604 660-7095

BRITISH COLUMBIA
Ministry of Attorney General